# Third India-Bahrain High Joint Commission Meeting (7 April 2021)

April 07, 2021

## ਭਾਰਤ-ਬਹਿਰੀਨ ਉੱਚ ਸਾਂਝਾ ਕਮਿਸ਼ਨ ਦੀ ਤੀਜੀ ਬੈਠਕ (7 ਅਪ੍ਰੈਲ, 2021)

7 ਅਪ੍ਰੈਲ, 2021

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਬਹਿਰੀਨ ਦੇ ਵਿਦੇਸ਼ ਮੰਤਰੀ ਮਹਾਮਹਿਮ ਡਾ. ਅਬਦੁੱਲਤੀਫ ਬਿਨ ਰਾਸ਼ਿਦ ਅਲ ਜ਼ਿਆਣੀ ਨੇ ਅੱਜ ਨਵੀਂ ਦਿੱਲੀ ਵਿੱਚ ਤੀਜੇ ਭਾਰਤ-ਬਹਿਰੀਨ ਉੱਚ ਸਾਂਝਾ ਕਮਿਸ਼ਨ (HJC) ਦੀ ਸਹਿ -ਪ੍ਰਧਾਨਗੀ ਕੀਤੀ। ਤੀਜੇ HJC ਬਾਰੇ ਇੱਕ ਸਾਂਝਾ ਬਿਆਨ ਜਾਰੀ ਕੀਤਾ ਗਿਆ ਹੈ। ਬਹਿਰੀਨ ਦੇ ਵਿਦੇਸ਼ ਮੰਤਰੀ ਨੇ ਮਹਾਮਹਿਮ ਕ੍ਰਾਊਨ ਪ੍ਰਿੰਸ ਅਤੇ ਬਹਿਰੀਨ ਦੇ ਪ੍ਰਧਾਨ ਮੰਤਰੀ ਵੱਲੋਂ ਮਾਣਯੋਗ ਪ੍ਰਧਾਨ ਮੰਤਰੀ ਨੂੰ ਲਿਖਿਆ ਇੱਕ ਪੱਤਰ ਵੀ ਮਾਨਯੋਗ ਵਿਦੇਸ਼ ਮੰਤਰੀ ਨੂੰ ਸੌਂਪਿਆ।

ਬਹਿਰੀਨ ਦੇ ਵਿਦੇਸ਼ ਮੰਤਰੀ ਨੇ ਅੱਜ ਭਾਰਤ ਦੇ ਮਾਨਯੋਗ ਉਪ-ਰਾਸ਼ਟਰਪਤੀ ਸ਼੍ਰੀ ਐਮ. ਵੈਂਕਈਆ ਨਾਇਡੂ ਨਾਲ ਮੁਲਾਕਾਤ ਕੀਤੀ। ਮਾਨਯੋਗ ਉਪ-ਰਾਸ਼ਟਰਪਤੀ ਨੇ COVID - 19 ਮਹਾਂਮਾਰੀ ਦੌਰਾਨ ਭਾਰਤੀ ਭਾਈਚਾਰੇ ਦਾ ਵਧੀਆ ਤਰੀਕੇ ਨਾਲ ਖਿਆਲ ਰੱਖਣ ਲਈ ਭਾਰਤ ਵੱਲੋਂ ਬਹਿਰੀਨ ਦੇ ਰਾਜਾ ਦਾ ਧੰਨਵਾਦ ਕੀਤਾ। ਬਹਿਰੀਨ ਦੇ ਵਿਦੇਸ਼ ਮੰਤਰੀ ਨੇ ਬਹਿਰੀਨ ਦੀ ਤਰੱਕੀ ਅਤੇ ਵਿਕਾਸ ਵਿੱਚ ਭਾਰਤੀ ਸਮੁਦਾ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਬਹਿਰੀਨ ਨੂੰ ਕੋਵੀਸ਼ਿਲਡ ਟੀਕੇ ਸਪਲਾਈ ਕਰਨ ਲਈ ਭਾਰਤ ਦਾ ਧੰਨਵਾਦ ਕੀਤਾ।

ਇਸ ਬੈਠਕ ਦੌਰਾਨ ਦੋਵਾਂ ਮੰਤਰੀਆਂ ਨੇ ਦੁਵੱਲੇ ਸਹਿਯੋਗ ਦੇ ਸਾਰੇ ਖੇਤਰਾਂ ਦਾ ਜਾਇਜ਼ਾ ਲਿਆ ਅਤੇ ਪਿਛਲੇ ਸਾਲਾਂ ਵਿੱਚ ਹੋਈ ਤਰੱਕੀ 'ਤੇ ਖੁਸ਼ੀ ਜ਼ਾਹਰ ਕੀਤੀ। ਉਨ੍ਹਾਂ ਨੇ ਸਾਲ 2014 ਵਿੱਚ ਬਹਿਰੀਨ ਦੇ ਮਹਾਮਹਿਮ ਰਾਜਾ ਦੇ ਭਾਰਤ ਦੇ ਦੌਰੇ ਅਤੇ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਵੱਲੋਂ ਸਾਲ 2019 ਵਿੱਚ ਕੀਤੇ ਗਏ ਬਹਰੀਨ ਦੇ ਇਤਿਹਾਸਕ ਦੌਰੇ ਨੂੰ ਯਾਦ ਕੀਤਾ। ਦੋਵਾਂ ਪੱਖਾਂ ਨੇ COVID -19 ਮਹਾਂਮਾਰੀ ਦੌਰਾਨ ਆਪਣਾ ਤਾਲਮੇਲ ਅਤੇ ਸਹਿਯੋਗ ਜਾਰੀ ਰੱਖਿਆ।

ਦੋਵਾਂ ਪੱਖਾਂ ਨੇ ਤੇਲ ਅਤੇ ਗੈਸ, ਵਪਾਰ ਅਤੇ ਨਿਵੇਸ਼, ਸਿਹਤ, ਖੁਰਾਕ ਸੁਰੱਖਿਆ, ਰੱਖਿਆ, ਸੁਰੱਖਿਆ, ਨਵਿਆਉਣਯੋਗ ਊਰਜਾ, ਸਿੱਖਿਆ, ਸਭਿਆਚਾਰ ਅਤੇ ਡਿਜਿਟਲ ਟੈਕਨੋਲੋਜੀਆਂ ਦੇ ਖੇਤਰਾਂ ਵਿੱਚ ਆਪਣੇ ਸਹਿਯੋਗ ਨੂੰ ਅੱਗੇ ਵਧਾਉਣ ਉੱਤੇ ਸਹਿਮਤੀ ਦਿੱਤੀ। ਦੋਵਾਂ ਪੱਖਾਂ ਨੂੰ ਇਸ ਸਾਲ ਆਪਣੇ ਕੂਟਨੀਤਕ ਸਬੰਧ ਸਥਾਪਤ ਹੋਣ ਦੀ ਗੋਲਡਨ ਜੁਬਲੀ ਵਰ੍ਹੇਗੰਢ ਮਨਾਉਣ ਦੀ ਉਡੀਕ ਹੈ। ਵਿਦੇਸ਼ ਮੰਤਰੀ ਨੇ ਮਹਾਮਹਿਮ ਕ੍ਰਾਊਨ ਪ੍ਰਿੰਸ ਅਤੇ ਬਹਿਰੀਨ ਦੇ ਪ੍ਰਧਾਨਮੰਤਰੀ ਨੂੰ ਛੇਤੀ ਹੀ ਭਾਰਤ ਆਉਣ ਦਾ ਸੱਦਾ ਦੁਹਰਾਇਆ।

ਵਿਦੇਸ਼ ਮੰਤਰੀ ਨੇ ਬਹਿਰੀਨ ਨੂੰ GCC ਦੀ ਪ੍ਰਧਾਨਗੀ ਦਾ ਅਹੁਦਾ ਸੰਭਾਲਣ ‘ਤੇ ਵਧਾਈ ਦਿੱਤੀ ਅਤੇ ਭਾਰਤ-GCC ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਬਹਿਰੀਨ ਨਾਲ ਮਿਲਕੇ ਕੰਮ ਕਰਨ ਦੀ ਆਸ ਪ੍ਰਗਟਾਈ। ਦੋਵਾਂ ਮੰਤਰੀਆਂ ਨੇ ਆਪਸੀ ਹਿਤ ਦੇ ਖੇਤਰੀ ਅਤੇ ਬਹੁਪੱਖੀ ਮੁੱਦਿਆਂ ਉੱਤੇ ਵੀ ਵਿਚਾਰ ਵਟਾਂਦਰੇ ਕੀਤੇ। ਭਾਰਤ ਨੂੰ ਬਹਿਰੀਨ ਦੁਆਰਾ ISA ਫ੍ਰੇਮਵਰਕ ਸਮਝੌਤੇ ਅਨੁਸਾਰ ਪਰਵਾਨਗੀ ਦੇ ਕਾਗਜ਼ਾਤ ਛੇਤੀ ਦੀ ਜਮ੍ਹਾਂ ਕਰਾਏ ਜਾਣ ਦੀ ਆਸ ਹੈ।

ਬਹਿਰੀਨ ਦੇ ਵਿਦੇਸ਼ ਮੰਤਰੀ 6 ਅਪ੍ਰੈਲ ਦੀ ਸ਼ਾਮ ਨੂੰ ਨਵੀਂ ਦਿੱਲੀ ਪੁੱਜੇ ਅਤੇ ਉਹ 8 ਅਪ੍ਰੈਲ ਨੂੰ ਸਵੇਰੇ ਵਾਪਸੀ ਸਫ਼ਰ 'ਤੇ ਜਾਣਗੇ।

ਨਵੀਂ ਦਿੱਲੀ
7 ਅਪ੍ਰੈਲ, 2021

DISCLAIMER: This is an approximate translation. The original is available in English on MEA’s website and may be referred to as the official press release.